
# 1999 ਵਿਚ ਪੰਜਾਬੀ ਨਾਟਕ ਦੇ ਵਿਕਾਸ ਦੀ ਗਾਥਾ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



1999 ਦੇ ਪੰਜਾਬੀ ਨਾਟਕ ਦਾ ਸਫਰ ਜਨਵਰੀ ਦੇ ਪਹਿਲੇ ਹਫਤੇ ਪ੍ਰਾਨ ਸਭਰਵਾਲ ਦੇ ਨਟਾਸ ਗਰੁੱਪ ਵਲੋਂ ਅਜਮੇਰ ਔਲਖ ਦੇ ਨਾਟਕ 'ਸਲਵਾਨ' ਦੀ ਪੇਸ਼ਕਾਰੀ ਨਾਲ ਸ਼ੁਰੂ ਹੁੰਦਾ ਹੈ। ਇਹ ਨਾਟਕ ਔਲਖ ਨੇ ਪੂਰਨ, ਲੂਣਾ ਅਤੇ ਸਲਵਾਨ ਦੀ ਮਿਥਿਹਾਸਕ ਜਾਂ ਇਤਿਹਾਸਕ ਕਥਾ ਨੂੰ ਨਵੇਂ ਅਰਥ ਜਾਂ ਨਵ-ਵਿਆਖਿਆ ਦੇਣ ਲਈ ਨਹੀਂ ਲਿਖਿਆ ਸਗੋਂ ਅੱਜ ਦੇ ਇਕ ਪੇਂਡੂ ਪਰਿਵਾਰ ਦੀ ਕਹਾਣੀ ਨੂੰ ਨਾਟਕ ਦਾ ਰੂਪ ਦਿੱਤਾ ਹੈ, ਜਿਸ ਦੇ ਪਾਤਰ ਇੱਛਰਾਂ, ਸਲਵਾਨ, ਪੂਰਨ ਜਾਂ ਲੂਣਾ ਨਾਲ ਮਿਲਦੇ-ਜੁਲਦੇ ਹਨ। ਇਹ ਨਾਟਕ ਲੋਕ ਗੀਤਾਂ ਦੀ ਸ਼ਮੂਲੀਅਤ ਕਰਕੇ ਇਕ ਵਧੀਆ ਨਾਟਕੀ ਕਿਰਤ ਹੈ। ਨਟਾਸ ਦੇ ਕਲਾਕਾਰਾਂ ਨੇ ਇਸ ਨੂੰ ਸਫਲਤਾ ਨਾਲ ਪੇਸ਼ ਕੀਤਾ।

25-26 ਜਨਵਰੀ ਦੀ ਦਰਮਿਆਨੀ ਰਾਤ ਪਲਸ ਮੰਚ ਦਾ ਨਾਟਕ ਮੇਲਾ ਦੇਸ਼ਭਗਤ ਹਾਲ ਜਲੰਧਰ ਵਿਚ ਹੋਇਆ। ਛੇ ਨਾਟਕ ਖੇਡੇ ਗਏ। ਇਨ੍ਹਾ ਵਿਚੋਂ ਇਕ ਨਾਟਕ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਥੱਲੇ ਖੇਡਿਆ 'ਪਰਿੰਦੇ ਜਾਣ ਹੁਣ ਕਿਥੇ?' ਸੀ। ਇਹ ਨਾਟਕ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਕਹਾਣੀ 'ਕਿਹਰੂ ਦਸ ਨੰਬਰੀਆ' ਉਤੇ ਆਧਾਰਿਤ ਸੀ। ਦੇਸ਼ ਦੀ ਵੰਡ ਵੇਲੇ ਦੇ ਦੁਖਾਂਤ ਬਾਰੇ ਇਹ ਸ਼ਕਤੀਸ਼ਾਲੀ ਨਾਟਕ ਸੀ। ਇਨਾਇਤੀ ਦੇ ਪਾਤਰ ਨੂੰ ਰਾਜਿੰਦਰ ਰੋਜ਼ੀ ਨੇ ਅਤੇ ਕਿਹਰੂ ਦੇ ਪਾਤਰ ਨੂੰ ਸਾਹਿਬ ਸਿੰਘ ਨੇ ਪੂਰੀ ਸ਼ਿੱਦਤ ਨਾਲ ਨਿਭਾਇਆ। ਇਕ ਹੋਰ ਨਾਟਕ 'ਪੰਜੋ ਰਿਫੂਜਨ' ਵੀ ਇਸ ਨਾਟਕ ਮੇਲੇ ਦਾ ਹਾਸਲ ਸੀ। ਇਹ ਹੰਸਾ ਸਿੰਘ ਦੀ ਬਿਆਸ ਦੀ ਟੀਮ ਨੇ ਪੇਸ਼ ਕੀਤਾ। ਮਹਿੰਦਰਪਾਲ ਭੱਠਲ ਦੀ ਇਸੇ ਨਾਂ ਦੀ ਕਵਿਤਾ ਨਾਲ ਪੂਰਾ ਇਨਸਾਫ ਕੀਤਾ ਗਿਆ। ਇਸ ਮੇਲੇ ਦਾ ਇਕ ਹੋਰ ਨਾਟਕ ਜਿਸ ਨੇ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ, ਨਰਿੰਦਰ ਸਾਂਘੀ ਵਲੋਂ ਤਿਆਰ ਕਰਵਾਇਆ ਸ਼ਾਹਿਦ ਨਦੀਮ ਦਾ ਨਾਟਕ 'ਰਿਹਾਈ' ਸੀ। ਇਹ ਨਾਟਕ ਸਮਕਾਲੀ ਸਥਿਤੀ ਦੀਆਂ ਬਹੁਤ ਸਾਰੀਆਂ ਤਹਿਆਂ ਨੂੰ ਛੂੰਹਦਾ ਸੀ। ਕੁਝ ਬੇਬਾਕ ਬਿਆਨ ਇਸ ਨਾਟਕ ਦੀ ਵਿਸ਼ੇਸ਼ਤਾ ਸਨ। ਇਨ੍ਹਾਂ ਨਾਟਕਾਂ ਦੇ ਇਲਾਵਾ ਹੋਰ ਤਿੰਨ ਨਾਟਕ ਜ਼ਖਮਾਂ ਦੀ ਦਾਸਤਾਨ, ਗੰਗਈਆ ਅਤੇ ਕੰਜਕ ਔਰਤ ਦੇ ਦੁੱਖ ਨੂੰ ਦੱਸਦੇ ਸਨ। ਇਹ ਨਾਟਕ ਮੇਲਾ ਕਿਉਂਕਿ ਇਨਕਲਾਬੀ ਲਹਿਰ ਦੀ ਦੇਣ ਹੈ, ਇਸ ਲਈ ਇਸ ਨੇ ਆਪਣਾ ਸੁਨੇਹਾ ਸਮਕਾਲੀ ਸਥਿਤੀ ਦੇ ਪ੍ਰਸੰਗ ਵਿਚ ਜ਼ੋਰਦਾਰ ਤਰੀਕੇ ਨਾਲ ਦਿੱਤਾ। ਦਰਸ਼ਕਾਂ ਨੇ ਇਸ ਪ੍ਰਭਾਵ ਨੂੰ ਪੂਰੀ ਤਰ੍ਹਾਂ ਕਬੂਲਿਆ।

27 ਮਾਰਚ ਵਿਸ਼ਵ ਥੀਏਟਰ ਦਿਵਸ ਇਸ ਸਾਲ ਪੰਜਾਬ ਕਲਾਕਾਰ ਸੰਸਥਾ ਵਲੋਂ ਅਸ਼ੋਕਪੁਰੀ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਵਿਚ ਵੀ ਮਨਾਇਆ ਗਿਆ ਅਤੇ ਅਜਮੇਰ ਔਲਖ ਦੀ ਪਹਿਲਕਦਮੀ ਸਦਕਾ ਪੰਜਾਬ ਆਰਟ ਕੌਂਸਲ ਅਤੇ ਕੇਂਦਰੀ ਪੰਜਾਬੀ ਰੰਗਮੰਚ ਸਭਾ ਦੇ ਸਹਿਯੋਗ ਨਾਲ ਵੱਡੀ ਪੱਧਰ ਉਤੇ ਮਾਨਸਾ ਵਿਚ ਵੀ ਮਨਾਇਆ ਗਿਆ। ਇਨ੍ਹਾਂ ਦੋਵਾਂ ਸਮਾਗਮਾਂ 'ਤੇ ਜਿਥੇ ਵੱਖ ਵੱਖ ਟੀਮਾਂ ਵਲੋਂ ਨਾਟਕ ਕੀਤੇ ਗਏ। ਉਥੇ ਵੱਡੀ ਪ੍ਰਾਪਤੀ ਇਨ੍ਹਾਂ ਸਮਾਗਮਾਂ ਵਿਚ ਹੋਈ ਪੰਜਾਬੀ ਨਾਟਕ ਦੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਸੀ। ਪਰਚੇ ਪੜ੍ਹੇ ਗਏ, ਇਹ ਵਿਚਾਰਨ ਲਈ ਕਿ ਪੰਜਾਬੀ ਵਿਚ ਥੀਏਟਰ ਦਾ ਵਿਕਾਸ ਕਿਸ ਤਰ੍ਹਾਂ ਹੋ ਸਕਦਾ ਹੈ? ਸਰਕਾਰੀ, ਗੈਰਸਰਕਾਰੀ ਅਤੇ ਨੀਮਸਰਕਾਰੀ ਅਦਾਰਿਆਂ ਦੀ ਭੂਮਿਕਾ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ। ਇਸ ਵਿਚਾਰ ਚਰਚਾ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਭਾਵੇਂ ਪੰਜਾਬ ਵਿਚ ਨਾਟਕ ਸਰਗਰਮੀਆਂ ਪਹਿਲਾਂ ਦੇ ਮੁਕਾਬਲੇ ਬਹੁਤ ਵੱਧ ਗਈਆਂ ਹਨ ਅਤੇ ਪੇਂਡੂ ਖੇਤਰ ਵਿਚ ਵੀ ਇਨ੍ਹਾਂ ਸਰਗਰਮੀਆਂ ਦਾ ਵਾਧਾ ਹੋਇਆ ਹੈ ਪਰ ਥੀਏਟਰ ਹਾਲੀਂ ਪੰਜਾਬ ਦੇ ਜਨਸਮੂਹ ਦੇ ਸਭਿਆਚਾਰ ਦਾ ਹਿੱਸਾ ਨਹੀਂ ਬਣ ਸਕਿਆ। ਇਹਦੇ ਲਈ ਹੋਰ ਮਿਹਨਤ ਦੀ ਲੋੜ ਹੈ। ਇਹ ਦੋਨੋਂ ਸਮਾਗਮ ਖਾਸ ਕਰਕੇ ਮਾਨਸਾ ਦਾ ਸਮਾਗਮ 27 ਮਾਰਚ ਦੀ ਪ੍ਰਾਪਤੀ ਕਹੇ ਜਾ ਸਕਦੇ ਹਨ।

ਪਹਿਲੀ ਮਈ ਨੂੰ ਲੁਧਿਆਣਾ ਵਿਖੇ ਹੋਇਆ ਪਲਸ ਮੰਚ ਦਾ ਸਾਰੀ ਰਾਤ ਦਾ ਨਾਟਕ ਮੇਲਾ, ਨਾਟਕਾਂ ਦੇ ਪ੍ਰਸੰਗ ਵਿਚ ਇਕ ਯਾਦਗਾਰੀ ਮੇਲਾ ਸੀ। ਵੀਰਾਨ ਧਰਤੀ ਵਿਰਾਨ ਲੋਕ, ਯਾਰੜੇ ਦਾ ਸੱਥਰ, ਜੂਠ, ਸਭ ਤੋਂ ਉਦਾਸ ਕਵਿਤਾ, ਸਾਜ਼ਿਸ਼ ਆਦਿਕ ਪ੍ਰਸਿੱਧ ਨਾਟਕ ਇਕੋ ਰਾਤ ਵਿਚ ਖੇਡੇ ਗਏ। ਨਾਟਕ 'ਜੂਠ' ਨੇ ਵਿਸ਼ੇਸ਼ ਪ੍ਰਸੰਸਾ ਲਈ। ਇਹ ਓਮ ਪ੍ਰਕਾਸ਼ ਬਾਲਮੀਕੀ ਦੀ ਆਤਮ ਕਥਾ ਜੋ ਇਕ ਨਾਵਲ ਦੇ ਰੂਪ ਵਿਚ ਲਿਖੀ ਗਈ ਹੈ, ਦਾ ਨਾਟਕੀ ਰੂਪ ਸੀ। ਦਲਿਤ ਵਰਗ ਦੀ ਪੀੜਾ ਨੂੰ ਇਹ ਨਾਟਕ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਇਸ ਨੂੰ ਸੈਮੂਅਲ ਜੈਨ ਨੇ ਇਕ ਪਾਤਰੇ ਨਾਟਕ ਰਾਹੀਂ ਪੇਸ਼ ਕੀਤਾ। ਪੰਜਾਬੀ ਨਾਟਕ ਦੇ ਖੇਤਰ ਵਿਚ ਇਹ ਆਪਣੇ ਆਪ ਵਿਚ ਇਕ ਪ੍ਰਾਪਤੀ ਕਿਹਾ ਜਾ ਸਕਦਾ ਹੈ।

ਬਾਬਾ ਫਰੀਦ ਦੀ ਯਾਦ ਵਿਚ ਫਰੀਦਕੋਟ ਵਿਚ ਹੋਇਆ ਪੰਜ ਦਿਨਾ ਨਾਟਕ ਮੇਲਾ ਵੀ ਹੁਣ ਪੰਜਾਬ ਦੀ ਨਾਟਕ ਲਹਿਰ ਦਾ ਅਹਿਮ ਹਿੱਸਾ ਕਿਹਾ ਜਾ ਸਕਦਾ ਹੈ। ਸ਼ੌਕੀਆ ਨਾਟਕ ਟੀਮਾਂ ਨੇ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਪਾਇਆ। ਬਿਆਸ ਦੀ ਟੀਮ ਨੇ ਨਾਟਕ 'ਰੰਗ ਨਗਰੀ' ਰਾਹੀਂ ਪਹਿਲਾ ਇਨਾਮ ਇਸ ਨਾਟਕ ਮੇਲੇ/ਮੁਕਾਬਲੇ ਵਿਚ ਜਿੱਤਿਆ। ਜੈਤੋ ਦੀ ਟੀਮ ਨੇ ਵੀ ਪ੍ਰਸੰਸਾ ਲਈ। ਇਸੇ ਸਮਾਗਮ 'ਤੇ ਪੰਜਾਬੀ ਯੂਨੀਵਰਸਿਟੀ ਵਲੋਂ ਖੇਡਿਆ ਵੱਡਾ ਨਾਟਕ ਵਾਰਿਸ ਵੀ ਸ਼ਾਮਲ ਸੀ ਅਤੇ ਅਜਮੇਰ ਔਲਖ ਦਾ ਨਾਟਕ 'ਐਸੋ ਰਚਿਆ ਖਾਲਸਾ' ਅਤੇ ਚੰਡੀਗੜ੍ਹ ਦੀ ਟੀਮ ਵਲੋਂ 'ਖੰਭਾਂ ਵਾਲੀ ਕੁੜੀ' ਵੀ ਖੇਡੇ ਗਏ। ਇਹ ਉਮੀਦ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਨਾਟਕ ਮੇਲਾ ਆਪਣੇ ਆਪ ਵਿਚ ਨਾਟਕ ਇਤਿਹਾਸ ਸਿਰਜਣ ਦੇ ਯੋਗ ਹੋਵੇਗਾ।

ਪਹਿਲੀ ਨਵੰਬਰ ਦੇ ਗਦਰੀ ਬਾਬਿਆਂ ਦੇ ਮੇਲੇ 'ਤੇ ਭਾਵੇਂ ਹੋਰ ਵੀ ਪੰਜ ਚੰਗੇ ਨਾਟਕ ਖੇਡੇ ਗਏ ਪਰ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤਾ ਨਾਟਕ ਲਾਲ ਬੱਤੀ ਪ੍ਰਮੁੱਖ ਪ੍ਰਾਪਤੀ ਹੋ ਕੇ ਨਿਬੜਿਆ। ਇਹ ਨਾਟਕ ਬਲਦੇਵ ਸਿੰਘ ਮੋਗਾ ਦੇ ਇਸੇ ਨਾਂ ਦੇ ਨਾਵਲ ਉਤੇ ਆਧਾਰਿਤ ਹੈ। ਇਹ ਨਾਵਲ ਕਲਕੱਤਾ ਦੇ ਵੇਸਵਾ ਬਾਜ਼ਾਰ ਬਾਰੇ ਹੈ। ਇਹ ਬੜਾ ਮੁਸ਼ਕਲ ਨਾਟਕ ਹੈ। ਸੈਕਸ ਨਾਲ ਜੁੜਦੀਆਂ ਇਹਦੇ ਵਿਚ ਨੰਗੇ ਰੂਪ ਦੀਆਂ ਗੱਲਾਂ ਹਨ। ਇਹ ਸਰਾਪੀਆਂ ਰੂਹਾਂ ਦੀ ਕਹਾਣੀ ਹੈ। ਨਾਟਕ ਵਿਚ ਬਿਆਨ ਦਰ ਬਿਆਨ ਹਨ, ਜੋ ਤੁਹਾਨੂੰ ਝੰਜੋੜਦੇ ਹਨ। ਸਾਰੇ ਸਮਾਜ ਨੂੰ ਸ਼ਰਮਿੰਦਾ ਕਰਦੇ ਹਨ। ਸਮਾਜ ਦਾ ਚਿਹਰਾ ਨੰਗਾ ਕਰਦੇ ਹਨ। ਇਸ ਨਾਟਕ ਦੀ ਕਮਾਲ ਦੀ ਪੇਸ਼ਕਾਰੀ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਆਉਣ ਵਾਲੇ ਸਮੇਂ ਵਿਚ ਦੇਸ਼ ਦੀ ਨਾਟਕ ਲਹਿਰ ਵਿਚ ਆਪਣਾ ਮਾਨਯੋਗ ਹਿੱਸਾ ਪਾਉਣ ਦੇ ਯੋਗ ਹੈ।

ਇਸ ਸਾਲ ਦੀਆਂ ਜੋ ਹੋਰ ਮਹੱਤਵਪੂਰਨ ਪੇਸ਼ਕਾਰੀਆਂ ਹਨ, ਉਨ੍ਹਾਂ ਵਿਚ ਪਾਸ਼ ਦੀ ਕਵਿਤਾ 'ਤੇ ਆਧਾਰਿਤ ਸੰਗੀਤਾ ਗੁਪਤਾ ਦਾ ਨਾਟਕ ਮੈਂ ਆਹ ਹਾਂ, ਨੀਲਮ ਮਾਨ ਸਿੰਘ ਦਾ ਨਾਟਕ ਕਿਚਨ ਕਥਾ ਕੇਵਲ ਧਾਲੀਵਾਲ ਦਾ ਢੋਲ ਸਿਪਾਹੀ, ਮੁਹਾਲੀ ਦੀ ਅਨੀਤਾ ਸ਼ਬਦੀਸ਼ ਵਲੋਂ ਪੇਸ਼ ਕੀਤਾ ਨਾਟਕ ਇੱਨਾ ਦੀ ਆਵਾਜ਼, ਸਾਹਿਬ ਸਿੰਘ ਦਾ ਫੌਜੀ ਜ਼ਿੰਦਗੀ ਤੇ ਜਸਬੀਰ ਭੁੱਲਰ ਦੀਆਂ ਕਹਾਣੀਆਂ ਤੋਂ ਪ੍ਰੇਰਤ ਨਾਟਕ ਮੈਂ ਪਰਤ ਆਇਆ ਹਾਂ ਅਤੇ ਮੇਰੇ ਆਪਣੇ ਨਾਟਕ ਮੇਲੋ ਅਤੇ ਇਨਾਮ ਸ਼ਾਮਲ ਹਨ। ਅਨੀਤਾ ਸ਼ਬਦੀਸ਼ ਵਲੋਂ ਪੇਸ਼ ਕੀਤਾ ਇਕ ਹੋਰ ਨਾਟਕ 'ਇਕ ਪਿੰਡ ਜਿਸ ਦਾ ਨਾਂ ਨਹੀਂ ਲੈਣਾ' ਵਿਸ਼ੇ ਪੱਖੋਂ ਇਕ ਵਧੀਆ ਨਾਟਕ ਹੈ। ਇਸ ਸਾਲ ਦੇ ਅਖੀਰਲੇ ਦਿਨਾਂ ਵਿਚ ਅਕਸ ਨਾਟਕ ਗਰੁੱਪ ਵਲੋਂ ਕਾਰਗਿਲ ਦੇ ਸ਼ਹੀਦਾਂ ਦੀ ਗੱਲ ਕਰਦਾ, ਸੁਰਿੰਦਰ ਨਰੂਲਾ ਦਾ ਨਾਟਕ 'ਸਰਹੱਦਾਂ ਹੋਰ ਵੀ ਹਨ' ਵਿਚ ਵੀ ਇਕ ਮਕਬੂਲ ਨਾਟਕ ਹੋਣ ਦੀ ਸੰਭਾਵਨਾ ਹੈ।

ਇਸ ਸਾਲ ਦੀਆਂ ਥੀਏਟਰ ਨਾਲ ਜੁੜਦੀਆਂ ਹੋਰ ਸਰਗਰਮੀਆਂ ਵਿਚ ਅੰਧਰੇਟਾ (ਪਾਲਮਪੁਰ) ਵਿਖੇ ਹੋਇਆ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕਰਵਾਇਆ 28-30 ਅਕਤੂਬਰ ਤਿੰਨ ਰੋਜ਼ਾ ਥੀਏਟਰ ਸੈਮੀਨਾਰ ਹੈ। ਇਸ ਸੈਮੀਨਾਰ ਦਾ ਵਿਸ਼ਾ ਸੀ: 'ਥੀਏਟਰ ਲਈ 21ਵੀਂ ਸਦੀ ਦੀਆਂ ਚੁਣੌਤੀਆਂ' ਤੇ ਸੰਭਾਵਨਾਵਾਂ। ਇਸ ਸੈਮੀਨਾਰ ਵਿਚ ਤਿੰਨ ਪਰਚੇ ਪੜ੍ਹੇ ਗਏ, ਪਹਿਲਾ, 21ਵੀਂ ਸਦੀ ਵਿਚ ਪੰਜਾਬੀ ਨਾਟਕ ਲਈ ਚੁਣੌਤੀਆਂ, ਦੂਜਾ, ਪੰਜਾਬ ਵਿਚ ਪੇਸ਼ਾਵਰ ਰੰਗਮੰਚ ਦੀਆਂ ਸੰਭਾਵਨਾਵਾਂ, ਤੀਜਾ, ਟੈਲੀਵਿਜ਼ਨ ਅਤੇ ਥੀਏਟਰ ਦਾ ਰਿਸ਼ਤਾ। ਇਸ ਸੈਮੀਨਾਰ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਇੱਕੀਵੀਂ ਸਦੀ ਵਿਚ ਪੰਜਾਬੀ ਨਾਟਕ ਲਈ ਵੀ ਉਹ ਚੁਣੌਤੀਆਂ ਹਨ, ਜੋ ਸਮੁੱਚੇ ਪੰਜਾਬੀ ਸਮਾਜ ਲਈ ਹਨ। ਇਹ ਚੁਣੌਤੀਆਂ ਨਿਆਂਸ਼ੀਲ ਸਮਾਜ ਬਣਾਉਣ ਦੀਆਂ ਹਨ ਅਤੇ ਨਾਟਕ ਲਈ ਵਿਸ਼ੇਸ਼ ਕਰਕੇ ਇਹ ਚੁਣੌਤੀ ਹੈ ਕਿ ਉਸ ਨੇ ਆਪਣੇ ਵਿਸ਼ੇਸ਼ ਮੁਹਾਵਰੇ ਵਿਚ ਅਤੇ ਕਲਾਤਮਕ ਤਰੀਕੇ ਨਾਲ ਲੋਕਾਂ ਨੂੰ ਚੇਤਨ ਕਰਨ ਲਈ ਅਤੇ ਉਨ੍ਹਾਂ ਨੂੰ ਸੰਘਰਸ਼ ਕਰਨ ਲਈ ਪ੍ਰੇਰਨਾ ਦੇਣੀ ਹੈ ਅਤੇ ਹਾਂ-ਪੱਖੀ ਭੂਮਿਕਾ ਨਿਭਾਉਣੀ ਹੈ।

ਸਾਲ 1999 ਵਿਚ ਨਾਟਕ ਸਾਹਿਤ ਵਿਚ ਵੀ ਨਿੱਗਰ ਵਾਧਾ ਹੋਇਆ ਹੈ। ਮੈਂ ਜ਼ਿੰਦਾ ਰਹਾਂਗਾ ਡਾ. ਸਾਹਿਬ ਸਿੰਘ ਦਾ ਪੂਰਾ ਨਾਟਕ ਹੈ। ਇਹ ਨਾਟਕ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਸੁਭਾਸ਼ ਚੰਦਰ ਬੋਸ ਹੋਰਾਂ ਦੀ ਜ਼ਿੰਦਗੀ ਨੇੜੇ ਦਾ ਇਤਿਹਾਸ ਹੈ। ਨਾਟਕਕਾਰ ਉਹਦੇ ਵਿਚ ਆਪਣੇ ਕੋਲੋਂ ਨਹੀਂ ਜੋੜ ਸਕਦਾ ਪਰ ਸਾਹਿਬ ਸਿੰਘ ਨੇ ਇਤਿਹਾਸਕ ਘਟਨਾਵਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਹ ਇਤਿਹਾਸ ਵੀ ਰਹਿੰਦਾ ਹੈ ਅਤੇ ਨਾਟਕ ਵੀ ਰਹਿੰਦਾ ਹੈ। ਪੰਜਾਬੀ ਨਾਟਕ ਵਿਚ ਡਾ. ਸਾਹਿਬ ਸਿੰਘ ਦਾ ਇਕ ਨਾਟਕਕਾਰ ਦੇ ਰੂਪ ਵਿਚ ਪ੍ਰਵੇਸ਼ ਪੰਜਾਬੀ ਨਾਟਕ ਲਈ ਇਕ ਸ਼ੁਭ ਸ਼ਗਨ ਹੈ। ਦੂਜੀ ਮਹੱਤਵਪੂਰਨ ਨਾਟਕਾਂ ਦੀ ਕਿਤਾਬ ਡਾ. ਦੇਵਿੰਦਰ ਕੁਮਾਰ ਦੀ 'ਕਾਲੀ ਰਾਤ ਦਾ ਚੰਨ' ਇਕਾਂਗੀ ਸੰਗ੍ਰਹਿ ਹੈ। ਇਸ ਵਿਚ ਛੇ ਇਕਾਂਗੀ ਸ਼ਾਮਲ ਹਨ। ਆਧੁਨਿਕ ਸੰਵੇਦਨਾ ਦੇ ਇਹ ਇਕਾਂਗੀ ਦੇਵਿੰਦਰ ਕੁਮਾਰ ਵਲੋਂ ਖੇਡੇ ਜਾਣ ਤੋਂ ਬਾਅਦ ਲਿਖਤੀ ਰੂਪ ਵਿਚ ਆਏ ਹਨ। ਇਸ ਲਈ ਕਾਮਯਾਬ ਰੰਗਮੰਚ ਨਾਟਕ ਕਹੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਦੇਵਿੰਦਰ ਕੁਮਾਰ ਦੇ ਨਾਟਕ ਦਲਦਲ ਅਤੇ ਪਿੰਜਰੇ ਦੇ ਆਰਪਾਰ ਸਟੇਜ 'ਤੇ ਵੀ ਅਤੇ ਲਿਖਤੀ ਰੂਪ ਵਿਚ ਮਕਬੂਲ ਨਾਟਕ ਹਨ। ਤੀਜੀ ਕਿਤਾਬ ਹੰਸਾ ਸਿੰਘ ਦੀ 'ਸੁਪਨਿਆਂ ਦੇ ਬੀਜ' ਹੈ। ਇਸ ਵਿਚ ਸ਼ਾਮਲ ਤਿੰਨ ਨਾਟਕ, ਸੁਪਨਿਆਂ ਦੇ ਬੀਜ ਮਹਾਸ਼ਵੇਤਾ ਦੇਵੀ ਦੀ ਕਹਾਣੀ 'ਬੀਜ' 'ਤੇ ਆਧਾਰਿਤ ਹੈ, ਪੰਜੋ, ਮਹਿੰਦਰਪਾਲ ਭੱਠਲ ਦੀ ਕਵਿਤਾ 'ਪੰਜੋ ਰਿਫੂਜਨ' 'ਤੇ ਆਧਾਰਤ ਹੈ ਅਤੇ ਮਿੱਟੀ ਦਾ ਮੋਹ, ਕ੍ਰਿਸ਼ਨ ਚੰਦਰ ਦੇ ਨਾਵਲ 'ਜਦੋਂ ਖੇਤ ਜਾਗੇ' 'ਤੇ ਆਧਾਰਿਤ ਹੈ। ਇਹ ਤਿੰਨੋਂ ਬੜੇ ਕਾਮਯਾਬ ਨਾਟਕ ਹਨ। ਚੌਥੀ ਜ਼ਿਕਰਯੋਗ ਕਿਤਾਬ ਸਵਰਾਜਬੀਰ ਦੀ 'ਧਰਮ ਗੁਰੂ' ਹੈ। ਧਰਮ ਗੁਰੂ ਸਾਲ 1999 ਦੇ ਗਦਰੀ ਬਾਬਿਆਂ ਦੇ ਮੇਲੇ 'ਤੇ ਖੇਡਿਆ ਸਾਰਿਆਂ ਨਾਲੋਂ ਵੱਧ ਚਰਚਿਤ ਨਾਟਕ ਸੀ।

1999 ਦੇ ਨਾਟਕ 'ਤੇ ਇਹ ਉਡਦੀ-ਉਡਦੀ ਝਾਤ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਪੰਜਾਬੀ ਨਾਟਕ ਜਿਥੇ ਵੱਡੀ ਗਿਣਤੀ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਹੋ ਰਿਹਾ ਹੈ, ਉਥੇ ਨਾਟਕ ਬਾਰੇ ਸੈਮੀਨਾਰਾਂ ਵਿਚ ਗੰਭੀਰ ਚਰਚਾ ਵੀ ਹੋ ਰਹੀ ਹੈ। ਇਹ ਚਰਚਾ ਨਾਟਕ ਦੇ ਚੰਗੇ ਭਵਿੱਖ ਦੀ ਜ਼ਾਮਨੀ ਹੈ।

ਨੋਟ: ਸਾਲ 1999, ਖ਼ਾਲਸਾ ਸਾਜਨਾ ਦਾ 300 ਸਾਲਾ ਉਤਸਵ ਸੀ। ਇਸ ਸਬੰਧ ਵਿਚ ਵੱਡੀ ਗਿਣਤੀ ਵਿਚ ਨਾਟਕ ਸਕੂਲਾਂ, ਕਾਲਜਾਂ ਅਤੇ ਧਾਰਮਿਕ ਸਮਾਗਮਾਂ 'ਤੇ ਖੇਡੇ ਗਏ। ਨਾਟਕੀ ਸਾਹਿਤ ਵਿਚ ਉਨ੍ਹਾਂ ਨੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦਾ ਜ਼ਿਕਰ ਇਸ ਪੰਛੀ ਝਾਤ ਵਿਚ ਨਹੀਂ ਆਇਆ ਕਿਉਂਕਿ ਉਹ ਆਪਣੇ ਆਪ ਵਿਚ ਇਕ ਵੱਡੇ ਲੇਖ ਦੀ ਮੰਗ ਕਰਦੇ ਹਨ। ਇਸ ਬਾਰੇ ਵਿਸਾਖੀ 'ਤੇ ਇਕ ਸਾਲ ਪੂਰਾ ਹੋਣ 'ਤੇ ਵਿਸਥਾਰ ਨਾਲ ਲਿਖਿਆ ਜਾਵੇਗਾ।

—ਗ. ਸ.